Spare Copy

## ਦਫਤਰ ਡਾਇਰੈਕਟਰ ਖੇਤੀਬਾੜੀ ਅਤੇ ਕਿਸਾਨ ਭਲਾਈ, ਪੰਜਾਬ,
## ਖੇਤੀ ਭਵਨ, ਫੇਜ-6, ਐਸ.ਏ.ਐਸ ਨਗਰ।

ਵੱਲ

1. ਸਮੂਹ ਮੁੱਖ ਖੇਤੀਬਾੜੀ ਅਫਸਰ, ਪੰਜਾਬ ਰਾਜ।

ਮੀਮੋ ਨੰ: ਇੰਜ:/ 464-85
ਮਿਤੀ: ਐਸ.ਏ.ਐਸ.ਨਗਰ: 01-02-2018

**ਵਿਸ਼ਾ:-** **ਸਬਮਿਸ਼ਨ ਆਨ ਐਗਰੀਕਲਚਰ ਮੈਕੇਨਾਈਜੇਸ਼ਨ (SMAM) ਅਧੀਨ ਸਾਲ 2016-17/2017-18 ਦੌਰਾਨ ਕਰੋਪ ਰੈਜਿਡਊ ਮੈਨੇਜਮੈਂਟ ਦੀਆਂ ਪ੍ਰਾਪਤ ਹੋਇਆ ਅਰਜੀਆਂ/ਕੇਸ, 2017-18 ਦੌਰਾਨ ਸਕੀਮ ਲਾਗੂ ਕਰਨ ਵੇਲੇ ਪਹਿਲ ਦੇ ਆਧਾਰ ਤੇ ਵਿਚਾਰਾਨ ਸਬੰਧੀ।**

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਮੀਮੋ ਨੰ: ਇੰਜ/ 3812-33 ਮਿਤੀ: 29-12-2017 ਦੀ ਲਗਾਤਾਰਤਾ ਵਿੱਚ ਆਪ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਇਸ ਸਕੀਮ ਸਬੰਧੀ ਸਾਲ 2016-17 ਅਤੇ ਸਾਲ 2017-18 ਦੌਰਾਨ ਸਾਲ 2016-17/2017-18 ਦੌਰਾਨ ਕਰੋਪ ਰੈਜਿਡਊ ਮੈਨੇਜਮੈਂਟ ਦੀਆਂ ਪ੍ਰਾਪਤ ਹੋਇਆ ਅਰਜੀਆਂ/ਕੇਸ, 2017-18 ਦੌਰਾਨ ਸਕੀਮ ਲਾਗੂ ਕਰਨ ਵੇਲੇ ਪਹਿਲ ਦੇ ਆਧਾਰ ਤੇ ਵਿਚਾਰਾਨ ਲਈ ਡਿਪਟੀ ਕਮਿਸਨਰ ਦੀ ਪ੍ਰਧਾਨਗੀ ਹੇਠ ਕਮੇਟੀ ਵਿੱਚ ਵਿਚਾਰਿਆ ਜਾਣ। ਇਸ ਤੋਂ ਪਹਿਲਾ ਭੇਜੀਆਂ ਗਈਆਂ ਸ਼ਰਤਾਂ ਨੂੰ ਧਿਆਨ ਵਿੱਚ ਰੱਖਦੇ ਹੇਠ ਲਿਖੇ ਅਨੁਸਾਰ ਸਕੀਮ ਨੂੰ ਲਾਗੂ ਕਰਨਾ ਯਕੀਨੀ ਬਣਾਇਆ ਜਾਵੇ।

1) ਜਿਹੜੀ ਮਸ਼ੀਨਰੀ /ਸੰਦ ਪਹਿਲਾਂ ਇਸ ਦਫਤਰ ਦੇ ਮੀਮੋ ਨੰ: ਇੰਜ/ 3852-73 ਮਿਤੀ: 29-12-2017 ਰਾਹੀਂ RKVY "Project Promotion of Technologies for Crop Residue Management" ਦੇ ਟੀਚਿਆਂ ਵਿੱਚ ਸ਼ਾਮਿਲ ਕੀਤੀ ਗਈ ਸੀ, ਉਸ ਨੂੰ ਹੁਣ SMAM ਦੇ ਟੀਚਿਆਂ ਵਿੱਚ ਸ਼ਾਮਿਲ ਕਰ ਲਿਆ ਜਾਵੇ।
2) ਕਰਾਪ ਰੈਜ਼ੀਡਿਊ ਮੈਨੇਜਮੈਂਟ ਮਸ਼ੀਨਰੀ/ਸੰਦਾਂ ਦੀਆਂ ਪੈਂਡਿੰਗ ਦਰਖਾਸਤਾਂ SMAM ਸਕੀਮ ਅਧੀਨ ਪਹਿਲ ਦੇ ਆਧਾਰ ਤੇ SMAM ਸਕੀਮ ਦੀਆਂ ਗਾਈਡਲਾਈਨਜ਼ ਅਨੁਸਾਰ ਵਿਚਾਰ ਲਈਆਂ ਜਾਣ।
3) ਜਾਰੀ ਕੀਤੇ ਫੰਡਜ਼ ਫਰਵਰੀ ਮਹੀਨੇ ਦੌਰਾਨ ਖਰਚ ਕਰਨ ਉਪਰੰਤ ਵਰਤੋਂ ਸਰਟੀਫਿਕੇਟ ਇਸ ਦਫਤਰ ਨੂੰ ਭੇਜਿਆ ਜਾਵੇ।
4) ਜੇਕਰ ਕਿਸੇ ਜਿਲ੍ਹੇ ਵੱਲੋਂ ਸਾਰੇ ਫੰਡਜ਼ ਖਰਚ ਨਹੀਂ ਕੀਤੇ ਜਾ ਸਕਦੇ ਤਾਂ ਵਾਧੂ ਫੰਡਜ਼ ਤੁਰੰਤ ਇਸ ਦਫਤਰ ਨੂੰ ਵਾਪਿਸ ਕਰ ਦਿੱਤੇ ਜਾਣ ਤਾਂ ਜੋ ਕਿਸੇ ਹੋਰ ਲੋੜਵੰਦ ਜਿਲ੍ਹੇ ਨੂੰ ਜਾਰੀ ਕੀਤੇ ਜਾ ਸਕਣ।
5) SMAM ਸਕੀਮ ਵਿੱਚ ਹੈਪੀ ਸੀਡਰ ਨੂੰ ਸ਼ਾਮਿਲ ਕਰਨ ਲਈ ਭਾਰਤ ਸਰਕਾਰ ਨੂੰ ਲਿਖਿਆ ਜਾ ਰਿਹਾ ਹੈ। ਇਸ ਲਈ ਹੈਪੀ ਸੀਡਰ ਮਸ਼ੀਨਾਂ ਦੀ ਬਕਾਇਆ ਪਈਆਂ ਅਰਜ਼ੀਆਂ ਵੀ SMAM ਸਕੀਮ ਦੇ ਕੰਪੋਨੈਂਟ 3 ਵਿੱਚ ਹੀ, ਇਸ ਦੀਆਂ ਸ਼ਰਤਾਂ ਅਨੁਸਾਰ ਵਿਚਾਰ ਲਈਆਂ ਜਾਣ।

6) ਇਸ ਸਕੀਮ ਤਹਿਤ ਸਬਸਿਡੀ ਨਿਰਧਾਰਿਤ ਕਰਨ ਵੇਲੇ ਵਿਭਾਗ ਵੱਲੋਂ ਸਾਲ 2017 ਵਿੱਚ ਫਰਮਾਂ ਦੀ ਇੰਮਪੈਨਲਮੈਂਟ ਕਰਨ ਵੇਲੇ ਸਬਸਿਡੀ ਦੀਆਂ ਘੱਟੋ-ਘੱਟ ਦਰਾਂ ਅਨੁਸਾਰ/ SMAM ਦੀਆਂ ਸਬਸਿਡੀ ਦਰਾਂ ਵਿਚੋਂ, ਜੋ ਵੀ ਘੱਟ ਹੋਵੇ, ਅਨੁਸਾਰ ਦਿੱਤੀ ਜਾਵੇ।

7) ਇਸ ਦਫਤਰ ਵੱਲੋਂ ਮੀਮੋ ਨੰ: ਇੰਜ/17-18/1746-67 ਮਿਤੀ: 23-06-17 ਰਾਹੀਂ ਜਾਰੀ ਕੀਤੀਆਂ ਗਈਆਂ ਖੇਤੀ ਮਸ਼ੀਨਰੀ ਅਤੇ ਸੰਦਾਂ ਸਬੰਧੀ ਸਬਸਿਡੀ ਦੇਣ ਲਈ ਇੰਮਪੈਨਲ ਕੀਤੀਆਂ ਫਰਮਾਂ ਦੀ ਸੂਚੀ ਅਤੇ ਹੋਰ ਸ਼ਰਤਾਂ ਵਿੱਚ ਪੈਰ੍ਹਾ ਨੰ: 5 ਵਿੱਚ ਕੀਤੀ ਗਈ ਹਦਾਇਤਾ ਅਤੇ ਭਾਰਤ ਸਰਕਾਰ ਵੱਲੋਂ ਜਾਰੀ ਕੀਤੇ ਗਏ ਸਪੇਸਲ ਕੰਪੋਨੈਂਟ ਦੇ ਫੰਡ ਦੀ ਵਰਤੋਂ ਕਰਨ ਲਈ ਲਾਭਪਾਤਰੀਆਂ ਵਿੱਚੋਂ 25% ਐਸ.ਸੀ ਕੈਟਾਗਿਰੀ, ਅਤੇ 30% ਕਿਸਾਨ ਇਸਤਰੀਆਂ ਨੂੰ ਸ਼ਾਮਿਲ ਕੀਤਾ ਜਾਵੇ।

8) ਬਾਕੀ ਸ਼ਰਤਾਂ ਅਤੇ ਸਬਸਿਡੀ ਦੀਆਂ ਦਰਾਂ ਦੀ ਲਿਮਟ/ ਸਕੀਮ ਵਿੱਚ ਉਪਲਬੱਧ ਸਬਸਿਡੀ ਦਾ ਵੀ ਧਿਆਨ ਰੱਖਿਆ ਜਾਵੇ।

9) ਕੰਪੋਨੈਂਟ ਨੰਬਰ ਤਿੰਨ ਵਿੱਚ ਸਿਰਫ ਮਸ਼ੀਨਾਂ ਦੀ ਸਬਸਿਡੀ ਲਈ ਅਤੇ ਕੰਪੋਨੈਂਟ 4, 5 ਅਨੁਸਾਰ ਫਾਰਮ ਮਸ਼ੀਨਰੀ ਬੈਂਕ ਸਥਾਪਤ ਕਰਨ ਲਈ , ਬੇਰੁਜਗਾਰ ਨੋਜਵਾਨ (ਰੋਜਗਾਰ ਵਿਭਾਗ) ਵੱਲੋਂ ਹਰਾ ਟਰੈਕਟਰ ਅਤੇ ਹੋਰ ਮਸ਼ੀਨਾਂ ਬਾਬਤ ਸਿਫਾਰਸ ਕੀਤੇ ਜਾਂਦੇ ਲਾਭਪਾਤਰੀਆ, ਸਹਿਕਾਰੀ ਸਭਾਵਾ, ਕਿਸਾਨਾ ਦੇ ਐਫ.ਪੀ.ਓ ਗਰੁੱਪਾ ਅਤੇ ਛੋਟੇ ਅਤੇ ਦਰਮਿਆਨੇ ਕਿਸਾਨਾਂ ਨੂੰ ਪਹਿਲ ਦੇ ਆਧਾਰ ਤੇ ਵਿਚਾਰਿਆ ਜਾਵੇ।

**ਸੰਯੁਕਤ ਡਾਇਰੈਕਟਰ ਖੇਤੀਬਾੜੀ (ਇੰਜ:)**
**ਵਾਸਤੇ ਡਾਇਰੈਕਟਰ ਖੇਤੀਬਾੜੀ, ਪੰਜਾਬ।**

ਪਿਠ ਅੰਕਣ ਨੰ: 486-504 ਮਿਤੀ: 01-02-18

ਇਸ ਦਾ ਇੱਕ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ:

1. ਖੇਤੀਬਾੜੀ ਇੰਜੀਨੀਅਰ (ਸੰਦ), ਪੰਜਾਬ, ਚੰਡੀਗੜ੍ਹ।
2. ਖੇਤੀਬਾੜੀ ਇੰਜੀਨੀਅਰ (ਸੰਦ), ਜਲੰਧਰ, ਪੰਜਾਬ।
3. ਸਮੂਹ ਸਹਾਇਕ ਖੇਤੀਬਾੜੀ ਇੰਜੀਨੀਅਰ, ਪੰਜਾਬ।

**ਸੰਯੁਕਤ ਡਾਇਰੈਕਟਰ ਖੇਤੀਬਾੜੀ (ਇੰਜ:)**
**ਵਾਸਤੇ ਡਾਇਰੈਕਟਰ ਖੇਤੀਬਾੜੀ, ਪੰਜਾਬ**

ਪਿਠ ਅੰਕਣ ਨੰ: 505 ਮਿਤੀ: 01-2-18

ਇਸ ਦਾ ਇੱਕ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ:

1. ਪੀ.ਏ. ਟੂ ਡੀ.ਏ.

**ਸੰਯੁਕਤ ਡਾਇਰੈਕਟਰ ਖੇਤੀਬਾੜੀ (ਇੰਜ:)**
**ਵਾਸਤੇ ਡਾਇਰੈਕਟਰ ਖੇਤੀਬਾੜੀ, ਪੰਜਾਬ**